ੴ SIKH ASSEMBLY

੨੦ ਅਕਤੂਬਰ ੨੦੨੦

# ਸਰਕਾਰ ਵੱਲੋਂ ਸਥਾਪਿਤ 3 ਦਰਜਾ ਸਥਾਨਕ ਕੋਵੀਡ-19 ਦੀ ਚੇਤਾਵਨੀ ਦੇ ਪੱਧਰ

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ*

ਕੋਵਿਡ -19 ਨੂੰ ਕਾਬੂ ਪਾਉਣ ਲਈ ਲੜਾਈ ਪੂਰੀ ਦੁਨੀਆਂ ਭਰ ਵਿੱਚ ਜਾਰੀ ਹੈ ਤੇ ਸਰਕਾਰਾਂ ਆਪਣੀ ਜਨਤਾ ਨੂੰ ਸੁਰੱਖਿਅਤ ਰੱਖਣ ਲਈ ਉਪਾਅ ਜਾਰੀ ਕਰ ਰਹੀਆਂ ਹਨ । ਇਹਨਾਂ ਉਪਾਵਾਂ ਦੀ ਲੜੀ ਵਿੱਚ ਹੀ ਯੂ ਕੇ ਸਰਕਾਰ ਨੇ ਵੱਖ ਵੱਖ ਖੇਤਰਾਂ ਵਿੱਚ ਲੋੜੀਂਦੇ ਚੇਤਾਵਨੀ ਦੇ ਪੱਧਰ ਨੂੰ ਪ੍ਰਭਾਸ਼ਿਤ ਕਰਨ ਲਈ ਇੱਕ ਨਵਾਂ ਸਿਸਟਮ ਤਿਆਰ ਕੀਤਾ ਹੈ । ਇਹ ਸਿਸਟਮ ਵੱਖ-ਵੱਖ ਪਾਬੰਦੀਆਂ ਦੇ ਪੱਧਰ, ਜਿਵੇਂ ਕਿ ਇਕੱਠ ਕਰ ਸਕਣ ਦੀ ਸਮਰੱਥਾ ਨੂੰ ਨਿਰਧਾਰਤ ਕਰਨ ਅਤੇ ਸਥਾਨਕ ਖੇਤਰਾਂ ਵਿੱਚ ਵਿਅਕਤੀਆਂ ਅਤੇ ਪਰਿਵਾਰਾਂ ਵੱਲੋਂ ਮਹਾਂਮਾਰੀ ਨੂੰ ਰੋਕਣ ਲਈ ਉਮੀਦ ਕੀਤੀ ਜਾਂਦੀ ਨਿੱਜੀ ਜ਼ਿੰਮੇਵਾਰੀ ਆਦਿ, ਦੀ ਨਿਸ਼ਾਨਦੇਹੀ ਕਰੇਗਾ । ਇਹ ਇਸ ਲਈ ਕੀਤਾ ਗਿਆ ਹੈ ਤਾਂਕਿ ਸਥਾਨਕ ਮਹਾਂਮਾਰੀ ਦੇ ਵਾਧੇ ਨਾਲ ਪੂਰੇ ਦੇਸ਼ ਨੂੰ ਪ੍ਰਭਾਵਿਤ ਨਾ ਹੋਣਾ ਪਵੇ । ਪਿਛਲੇ ਸਮੇਂ ਵਿੱਚ ਇਹੋ ਜਿਹੀਆਂ ਉਦਾਹਰਣਾਂ ਸਾਹਮਣੇ ਆਈਆਂ ਹਨ ਜਿਨਾਂ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਜਰੂਰੀ ਸਮਾਗਮਾਂ ਵਿਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਦੀ ਗਿਣਤੀ ਨੂੰ ਕਾਇਮ ਨਹੀਂ ਰੱਖਿਆ । ਹਾਲਾਂਕਿ ਇਹ ਗੱਲ ਮਹੱਤਵਪੂਰਨ ਹੈ, ਪਰ ਕਿਸੇ ਵੀ ਤਰਾਂ ਸਿੱਖ ਸੰਸਥਾਵਾਂ ਦੀ ਬਹੁਗਿਣਤੀ ਨੂੰ ਨਹੀਂ ਦਰਸਾਉਂਦੀ । ਇਹ ਵੀ ਇੱਕ ਸਚਾਈ ਹੈ ਕਿ ਯੂ ਕੇ ਦੇ ਸਿੱਖ ਭਾਈਚਾਰੇ ਦੀ ਬਹੁਗਿਣਤੀ ਦੀ ਸਮਾਜਿਕ ਜ਼ਿੰਮੇਵਾਰੀ ਦੀ ਪੂਰੀ ਦੁਨੀਆਂ ਵਿੱਚ ਇਕ ਮਿਸਾਲ ਰਹੀ ਹੈ । ਮਹਾਂਮਾਰੀ ਅਤੇ ਸਰਕਾਰੀ ਤਾਲਾਬੰਦੀ ਦੀ ਸ਼ੁਰੂਆਤ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਦੀਵੀ ਪ੍ਰਕਾਸ਼ ਅਤੇ ਸਰਬੱਤ ਦੀ ਭਾਵਨਾ ਦੇ ਉਪਦੇਸ਼ ਸਦਕਾ ਸਿੱਖਾਂ ਵੱਲੋਂ ਪੀੜਤ ਵਿਅਕਤੀਆਂ ਦੀ ਮਦਦ ਅਤੇ ਲੋੜਵੰਦ ਲੋਕਾਂ ਨੂੰ ਸਹਾਇਤਾ ਅਤੇ ਲੰਗਰ ਦੇਣ ਜਿਹੇ ਉੱਦਮ ਕੀਤੇ ਗਏ ਹਨ ।

ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਹੁਣ ਕੋਵਿਡ ਦੇ 3 ਸਥਾਨਕ ਚੇਤਾਵਨੀ ਦੇ ਪੱਧਰ ਹਨ ।

ਹਰ ਖੇਤਰ ਸਥਾਨਕ ਇਨਫੈਕਸ਼ਨ ਦੀ ਦਰ ਦੇ ਅਧਾਰ ਤੇ, 3 ਦਰਜਿਆਂ (ਤਾਲਾਬੰਦੀ ਦਾ ਪੱਧਰ) ਵਿੱਚੋਂ ਇੱਕ ਦਰਜੇ ਵਿੱਚ ਆ ਜਾਵੇਗਾ:

## ਦਰਮਿਆਨਾ ਦਰਜਾ (Tier 1)

ਇਹ ਉਨ੍ਹਾਂ ਖੇਤਰਾਂ ਲਈ ਹੈ ਜਿਥੇ ਰਾਸ਼ਟਰੀ ਪਾਬੰਦੀਆਂ ਲਾਗੂ ਰਹਿਣਗੀਆਂ ।

## ਉੱਚ ਦਰਜਾ (Tier 2)

ਇਹ ਇਨਫੈਕਸ਼ਨ ਦੇ ਉੱਚ ਪੱਧਰਾਂ ਵਾਲੇ ਖੇਤਰਾਂ ਲਈ ਹੈ ਜਿਥੇ ਚੇਤਾਵਨੀ ਦੇ ਦਰਮਿਆਨੇ ਦਰਜੇ ਦੇ ਨਾਲ ਕੁਝ ਵਾਧੂ ਪਾਬੰਦੀਆਂ ਲਗਾਈਆਂ ਗਈਆਂ ਹਨ ।

## ਬਹੁਤ ਉੱਚਾ ਦਰਜਾ (Tier 3)

ਇਹ ਉਹਨਾਂ ਇਲਾਕਿਆਂ ਲਈ ਹੈ ਜਿੱਥੇ ਬਹੁਤ ਜ਼ਿਆਦਾ ਪੱਧਰ ਤੇ ਇਨਫੈਕਸ਼ਨ ਹੈ ਅਤੇ ਜਿੱਥੇ ਸਖਤ ਪਾਬੰਦੀਆਂ ਲਗਾਈਆਂ ਗਈਆਂ ਹਨ । ਬਹੁਤ ਜ਼ਿਆਦਾ ਪੱਧਰ ਦੇ ਇਨਫੈਕਸ਼ਨ ਵਾਲੇ ਖੇਤਰਾਂ 'ਤੇ ਲਗਾਈਆਂ ਗਈਆਂ ਪਾਬੰਦੀਆਂ ਵੱਖ-ਵੱਖ ਹੋ ਸਕਦੀਆਂ ਹਨ ਅਤੇ ਇਹ ਕੇਂਦਰ ਅਤੇ ਸਥਾਨਕ ਸਰਕਾਰ ਵਿਚਕਾਰ ਵਿਚਾਰ ਵਟਾਂਦਰੇ ਤੇ ਅਧਾਰਿਤ ਹਨ । ਇਸ ਲਈ ਤੁਹਾਨੂੰ ਆਪਣੇ ਖੇਤਰ ਵਿੱਚ ਖਾਸ ਨਿਯਮਾਂ ਤੇ ਨਜ਼ਰ ਰੱਖਣੀ ਚਾਹੀਦੀ ਹੈ ।

ਤੁਸੀਂ ਆਪਣੇ ਇਲਾਕੇ ਦੇ ਸਥਾਨਿਕ ਕੋਵਿਡ ਚੇਤਾਵਨੀ ਦੇ ਦਰਜੇ ਬਾਰੇ ਜਾਣਕਾਰੀ ਸਰਕਾਰੀ ਵੈਬਸਾਈਟ ਤੇ ਆਪਣੇ ਇਲਾਕੇ ਦਾ ਪੋਸਟਕੋਡ ਟਾਈਪ ਕਰਕੇ ਪਰਾਪਤ ਕਰ ਸਕਦੇ ਹੋ ।

ਹੇਠ ਲਿਖੀਆਂ ਚੀਜ਼ਾਂ ਕਰਨੀਆਂ ਲਗਾਤਾਰ ਜਾਰੀ ਰੱਖੋ:

- ਜਿੱਥੇ ਜ਼ਰੂਰੀ ਨਿਰਧਾਰਤ ਕੀਤਾ ਗਿਆ ਹੈ ਉਹਨਾਂ ਖੇਤਰਾਂ ਵਿੱਚ ਆਪਣਾ ਮੂੰਹ ਢਕ ਕੇ ਰੱਖੋ।
- ਸਮਾਜਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰੋ।
- ਜੇ ਹੋ ਸਕੇ ਤਾਂ ਘਰ ਤੋਂ ਹੀ ਕੰਮ ਕਰੋ।
- ਯਾਤਰਾ ਕਰਦੇ ਸਮੇਂ ਇਸ ਤਰਾਂ ਯੋਜਨਾ ਬਣਾਓ ਤੇ ਅਜਿਹੇ ਰੂਟਾਂ ਤੋਂ ਬਚੋ ਜਿੱਥੇ ਜਿਆਦਾ ਭੀੜ ਹੋਵੇ; ਜੇ ਹੋ ਸਕੇ ਤਾਂ ਤੁਰੋ ਜਾਂ ਸਾਈਕਲ ਚਲਾਉਣ ਨੂੰ ਤਰਜੀਹ ਦਿਓ।

ਅਸੀਂ ਹੇਠਾਂ ਦਿੱਤੇ ਟੇਬਲਾਂ ਵਿੱਚ ਯੂ ਕੇ ਦੇ ਸਿੱਖ ਭਾਈਚਾਰੇ ਨਾਲ ਸਬੰਧਤ ਜ਼ਰੂਰੀ ਨੁਕਤਿਆਂ ਨੂੰ ਸੰਖੇਪ ਵਿੱਚ ਦਿੱਤਾ ਹੈ:

| ਦਰਮਿਆਨਾ ਦਰਜਾ (Tier 1) |
|---|
| ਘਰ ਵਿੱਚ ਜਾਂ ਘਰ ਤੋਂ ਬਾਹਰ 6 ਵਿਅਕਤੀਆਂ ਤੋਂ ਵੱਧ ਦੇ ਸਮੂਹਾਂ ਵਿੱਚ ਨਾ ਮਿਲੋ। |
| ਧਾਰਮਿਕ ਸਥਾਨ ਖੁੱਲੇ ਰਹਿਣਗੇ, 6 ਵਿਅਕਤੀਆਂ ਦੇ ਨਿਯਮ ਦੇ ਅਧੀਨ। |
| ਵਿਆਹਾਂ ਅਤੇ ਅੰਤਿਮ ਸੰਸਕਾਰ, ਵਿਅਕਤੀਆਂ ਦੀ ਗਿਣਤੀ ਤੇ ਸਥਾਨਕ ਪਾਬੰਦੀਆਂ ਦਾ ਖਿਆਲ ਰੱਖ ਕੇ ਜਾਰੀ ਰਹਿਣਗੇ। |
| ਕਸਰਤ ਅਤੇ ਖੇਡਾਂ ਘਰ ਵਿੱਚ ਜਾਂ ਘਰ ਤੋਂ ਬਾਹਰ 6 ਵਿਅਕਤੀਆਂ ਦੇ ਨਿਯਮ ਅਧੀਨ ਜਾਰੀ ਰਹਿ ਸਕਦੀ ਹੈ। |
| ਸਕੂਲ ਅਤੇ ਯੂਨੀਵਰਸਟੀਆਂ ਖੁੱਲੇ ਰਹਿਣਗੇ। |
| ਰੈਸਟੋਰੈਂਟ ਅਤੇ ਪੱਬ ਰਾਤ ਨੂੰ 10 ਵਜੇ ਬੰਦ ਹੋਣਗੇ। |

| ਉੱਚਾ ਦਰਜਾ (Tier 2) |
|---|
| ਕਿਸੇ ਨੂੰ ਵੀ ਆਪਣੇ ਘਰ ਦੇ ਅੰਦਰ ਪਰਿਵਾਰ ਵਾਲਿਆਂ ਤੋਂ ਬਾਹਰ ਵਾਲਿਆਂ ਨਾਲ ਨਾ ਮਿਲੋ |
| ਬਾਹਰ 6 ਤੋਂ ਵੱਡੇ ਸਮੂਹ ਵਿੱਚ ਨਾ ਮਿਲੋ, ਜਿਵੇਂ ਕਿ ਬਾਗਾਂ ਵਿੱਚ ਜਾਂ ਸਮੁੰਦਰੀ ਕੰਢਿਆਂ ਤੇ ਆਦਿਕ। |
| ਧਾਰਮਿਕ ਸਥਾਨ ਖੁੱਲ੍ਹੇ ਰਹਿਣਗੇ। |
| ਵਿਆਹਾਂ ਅਤੇ ਅੰਤਿਮ ਸੰਸਕਾਰ, ਵਿਅਕਤੀਆਂ ਦੀ ਗਿਣਤੀ ਤੇ ਸਥਾਨਕ ਪਾਬੰਦੀਆਂ ਦਾ ਖਿਆਲ ਰੱਖ ਕੇ ਜਾਰੀ ਰਹਿਣਗੇ। |
| ਸਕੂਲ ਅਤੇ ਯੂਨੀਵਰਸਟੀ ਖੁੱਲੇ ਰਹਿੰਦੇ ਹਨ। |
| ਕਸਰਤ ਅਤੇ ਖੇਡਾਂ ਬਾਹਰ ਜਾਰੀ ਰਹਿ ਸਕਦੀਆਂ ਹਨ।<br>(ਸਿਰਫ ਤਾਂ ਹੀ ਘਰ ਦੇ ਅੰਦਰ ਇਜ਼ਾਜ਼ਤ ਹੋ ਸਕਦੀ ਹੈ ਜੇ ਇਹ ਸੰਭਵ ਹੈ ਕਿ ਉਨ੍ਹਾਂ ਲੋਕਾਂ ਨਾਲ ਰਲਣ ਤੋਂ ਪਰਹੇਜ਼ ਕੀਤਾ ਜਾਵੇ ਜਿਸ ਨਾਲ ਤੁਸੀਂ ਨਹੀਂ ਰਹਿੰਦੇ ਜਾਂ ਤੁਹਾਡੇ ਸਮਰਥਨ ਗਰੁੱਪ ਵਿੱਚ ਨਹੀਂ ਹਨ।) |
| ਤੁਸੀਂ ਕੰਮ ਲਈ ਜਾਂ ਸਿੱਖਿਆ ਪ੍ਰਾਪਤੀ ਲਈ ਜੋ ਜਗ੍ਹਾਵਾਂ ਖੁੱਲੀਆਂ ਹਨ ਉੱਥੇ ਜਾ ਸਕਦੇ ਹੋ, ਪਰ ਜਿੱਥੇ ਸੰਭਵ ਹੋ ਸਕੇ, ਆਪਣੀ ਯਾਤਰਾ ਦੀ ਸੰਖਿਆ ਨੂੰ ਘਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। |
| ਰੈਸਟੋਰੈਂਟ ਅਤੇ ਪੱਬ ਰਾਤ ਨੂੰ 10 ਵਜੇ ਬੰਦ ਹੋਣਗੇ। |

| ਬਹੁਤ ਉੱਚਾ ਦਰਜਾ (Tier 3) |
|---|
| ਘਰ ਅੰਦਰ ਜਾਂ ਬਾਹਰ ਨਿਜੀ ਬਗੀਚੇ ਜਾਂ ਪਰਾਹੁਣਚਾਰੀ ਵਾਲੀ ਜਗ੍ਹਾ ਵਿਚ ਕਿਸੇ ਨੂੰ ਵੀ ਨਾ ਮਿਲੋ ਜਿਸ ਦੇ ਨਾਲ ਤੁਸੀਂ ਨਹੀਂ ਰਹਿੰਦੇ |
| ਕਿਸੇ ਵੀ ਬਾਗ਼ ਵਿਚ, ਬੀਚ, ਪਾਰਕਾਂ, ਦਿਹਾਤੀ ਜਗ੍ਹਾਵਾਂ, ਜਨਤਕ ਬਾਗ਼, ਜਾਂ ਖੇਡਾਂ ਵਾਲੀ ਥਾਂ ਸਮੇਤ, ਬਾਹਰ 6 ਤੋਂ ਵੱਡੇ ਵਿਅਕਤੀਆਂ ਦੇ ਸਮੂਹ ਵਿਚ ਕਿਸੇ ਨੂੰ ਨਾ ਮਿਲੋ । |
| ਸਕੂਲ ਅਤੇ ਯੂਨੀਵਰਸਿਟੀ ਖੁੱਲੀਆਂ ਰਹਿਣਗੀਆਂ । |
| ਧਾਰਮਿਕ ਸਥਾਨ ਖੁੱਲੇ ਰਹਿਣਗੇ, ਪਰ ਘਰੇਲੂ ਤੌਰ ਤੇ ਮਿਲਣ ਦੀ ਆਗਿਆ ਨਹੀਂ ਹੈ । |
| ਵਿਆਹਾਂ ਅਤੇ ਅੰਤਿਮ ਸੰਸਕਾਰ, ਵਿਅਕਤੀਆਂ ਦੀ ਗਿਣਤੀ ਤੇ ਸਥਾਨਕ ਪਾਬੰਦੀਆਂ ਦਾ ਖਿਆਲ ਰੱਖ ਕੇ ਜਾਰੀ ਰਹਿਣਗੇ ।ਵਿਆਹ ਦੀ ਪਾਰਟੀ ਕਰਨ ਦੀ ਆਗਿਆ ਨਹੀਂ ਹੈ । |
| ਕੰਮ, ਸਿੱਖਿਆ ਜਾਂ ਨੌਜਵਾਨ ਸੇਵਾਵਾਂ ਵਰਗੀਆਂ ਸਹੂਲਤਾਂ ਤੋਂ ਇਲਾਵਾ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਜਾਂ ਜੇ ਤੁਸੀਂ ਲੰਬੀ ਯਾਤਰਾ ਦੇ ਹਿੱਸੇ ਵਜੋਂ ਯਾਤਰਾ ਕਰ ਰਹੇ ਹੋ ਤਾਂ ਤੁਸੀਂ ਬਹੁਤ ਜ਼ਿਆਦਾ ਅਲਰਟ ਲੈਵਲ ਦੇ ਖੇਤਰ ਦੇ ਬਾਹਰ ਯਾਤਰਾ ਕਰਨ ਤੋਂ ਪਰਹੇਜ਼ ਕਰੋ । |
| ਤੁਸੀਂ ਯੂ ਕੇ ਦੇ ਕਿਸੇ ਹੋਰ ਹਿੱਸੇ ਵਿਚ ਰਾਤ ਰਹਿਣ ਤੋਂ ਬਚੋ ਜੇ ਤੁਸੀਂ ਬਹੁਤ ਜ਼ਿਆਦਾ ਅਲਰਟ ਲੈਵਲ ਦੇ ਖੇਤਰ ਵਿਚ ਵਸਨੀਕ ਹੋ, ਜਾਂ ਜੇ ਤੁਸੀਂ ਕਿਤੇ ਹੋਰ ਵਸਨੀਕ ਹੋ ਤਾਂ ਬਹੁਤ ਜ਼ਿਆਦਾ ਅਲਰਟ ਲੈਵਲ ਦੇ ਖੇਤਰ ਵਿਚ ਰਾਤ ਰਹਿਣ ਤੋਂ ਬਚੋ । |
| ਕਸਰਤ ਅਤੇ ਖੇਡਾਂ ਬਾਹਰ ਜਾਰੀ ਰਹਿ ਸਕਦੀਆਂ ਹਨ ।<br>(ਸਿਰਫ ਤਾਂ ਹੀ ਘਰ ਦੇ ਅੰਦਰ ਇਜਾਜ਼ਤ ਹੋ ਸਕਦੀ ਹੈ ਜੇ ਇਹ ਸੰਭਵ ਹੈ ਕਿ ਉਨ੍ਹਾਂ ਲੋਕਾਂ ਨਾਲ ਰਲਣ ਤੋਂ ਪਰਹੇਜ਼ ਕੀਤਾ ਜਾਵੇ ਜਿਸ ਨਾਲ ਤੁਸੀਂ ਨਹੀਂ ਰਹਿੰਦੇ ਜਾਂ ਤੁਹਾਡੇ ਸਮਰਥਨ ਗਰੁੱਪ ਵਿੱਚ ਨਹੀਂ ਹਨ । ਜਵਾਨੀ ਜਾਂ ਅਪੰਗਤਾ ਵਾਲੀ ਖੇਡ ਲਈ ਅਜਿਹਾ ਹੋ ਸਕਦਾ ਹੈ ।) |
| ਭੋਜਨ ਪਰੋਸਣ ਵਾਲੇ ਰੈਸਟੋਰੈਂਟ ਖੁੱਲੇ ਰਹਿ ਸਕਦੇ ਹਨ ।<br>(ਪੱਬ ਅਤੇ ਬਾਰ ਬੰਦ ਰਹਿਣਗੇ) |

ਕੇਂਦਰੀ ਸਕੌਟਲੈਂਡ ਵਿੱਚ ਇਸ ਵੇਲੇ ਕੋਵੀਡ -19 ਦੀ ਇਨਫੈਕਸ਼ਨ ਵੱਡੇ ਪੱਧਰ ਤੇ ਫੈਲੀ ਹੈ ਤੇ ਇਸ ਲਈ ਉੱਥੇ 25 ਅਕਤੂਬਰ 2020 ਤੱਕ ਸਖਤ ਪਾਬੰਦੀਆਂ ਲਗਾਈਆਂ ਗਈਆਂ ਹਨ ।

ਸ਼ੁੱਕਰਵਾਰ 16 ਅਕਤੂਬਰ 2020 ਨੂੰ ਸ਼ਾਮ 6 ਵਜੇ ਤੋਂ ਬਾਅਦ ਯੂ ਕੇ ਦੇ ਉਨ੍ਹਾਂ ਇਲਾਕਿਆਂ ਦੇ ਲੋਕਾਂ, ਜਿਨ੍ਹਾਂ ਵਿੱਚ ਕੋਵਿਡ-19 ਦੀ ਇਨਫੈਕਸ਼ਨ ਦੀ ਉੱਚੀ ਦਰ ਹੈ, ਨੂੰ ਵੇਲਜ਼ ਦੀ ਯਾਤਰਾ ਕਰਨ ਤੋਂ ਰੋਕਿਆ ਜਾਵੇਗਾ ।

ਅਸੀਂ ਤੁਹਾਨੂੰ ਸਿਫਾਰਸ਼ ਕਰਦੇ ਹਾਂ ਕਿ ਤੁਹਾਨੂੰ ਤੁਹਾਡੇ ਖੇਤਰ ਵਿੱਚ ਵਾਧੂ ਪਾਬੰਦੀਆਂ ਦੇ ਲਾਗੂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ।

ਇਕ ਵਾਰ ਫਿਰ ਲੱਗ ਰਿਹਾ ਹੈ ਕਿ ਅਸੀਂ ਮੁਸ਼ਕਲ ਵਾਲੇ ਸਮੇਂ ਵੱਲ ਵਧ ਰਹੇ ਹਾਂ । ਸਿੱਖ ਅਸੈਂਬਲੀ ਯੂ.ਕੇ. ਦੀ ਸਿੱਖ ਕੌਮ ਨੂੰ ਚੜ੍ਹਦੀ ਕਲਾ ਦੀ ਭਾਵਨਾ ਕਾਇਮ ਰੱਖਣ ਤੇ ਅਰਦਾਸਾਂ ਕਰਨ ਦੀ ਬੇਨਤੀ ਕਰਦੀ ਹੈ, ਕਿਉਂਕਿ ਸਾਡੀ ਸਮੂਹਕ ਅਰਦਾਸ, ਗੁਰੂ ਦੇ ਬੇਅੰਤ ਕ੍ਰਿਪਾ ਅਤੇ ਬਖਸ਼ਿਸ਼ ਸਦਕਾ ਮੌਜੂਦਾ ਸੰਕਟ ਨੂੰ ਸਹਿਣ ਲਈ ਸਹਾਈ ਹੋਵੇਗੀ ।

**ਕਮਿਊਨਿਟੀ ਰਿਸੋਰਸ ਟੀਮ**

**ਸਿੱਖ ਅਸੈਂਬਲੀ**